# ਭੂਮੀ ਅਤੇ ਜਲ ਸੰਭਾਲ ਵਿਭਾਗ

ਭੂਮੀ ਅਤੇ ਪਾਣੀ ਦੋ ਬਹੁਮੁੱਲੇ ਕੁਦਰਤੀ ਸਾਧਨ ਹਨ। ਮਨੁੱਖੀ ਜੀਵਨ ਇਨ੍ਹਾਂ ਉੱਪਰ ਨਿਰਭਰ ਕਰਦਾ ਹੈ। ਸਾਡੇ ਆਲੇ ਦੁਆਲੇ ਅਤੇ ਵਾਤਾਵਰਣ ਉੱਪਰ ਇਹਨਾਂ ਸੋਮਿਆਂ ਨੇ ਆਪਣਾ ਪੂਰਨ ਪ੍ਰਭਾਵ ਛੱਡਣਾ ਹੁੰਦਾ ਹੈ। ਇਹਨਾਂ ਕੁਦਰਤੀ ਸੋਮਿਆਂ ਦੀ ਖੇਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਪਰੰਤੂ ਇਹਨਾਂ ਸੋਮਿਆਂ ਤੋਂ ਪੂਰਾ ਲਾਭ ਅਸੀਂ ਤਾਂ ਹੀ ਲੈ ਸਕਦੇ ਹਾਂ ਜੇਕਰ ਅਸੀਂ ਇਹਨਾਂ ਦੀ ਪੂਰੀ ਸੁਰੱਖਿਆ ਕਰ ਸਕੀਏ।

ਪੰਜਾਬ ਵਿੱਚ ਹਰੀ ਕਰਾਂਤੀ ਆਉਣ ਨਾਲ ਅਨਾਜ ਦੀ ਪੈਦਾਵਾਰ ਵਿੱਚ ਤਾਂ ਜਰੂਰ ਵਾਧਾ ਹੋਇਆ ਹੈ। ਪਰੰਤੂ ਕਣਕ ਅਤੇ ਝੋਨੇ ਦੀਆਂ ਫਸਲਾਂ ਦੇ ਰੁਝਾਨ ਨਾਲ ਭੂਮੀ ਦੀ ਉਪਜਾਉ ਸ਼ਕਤੀ ਘੱਟ ਜਾਂਦੀ ਹੈ। ਆਮ ਕਰਕੇ 7 ਇੰਚ ਤੇ 8 ਇੰਚ ਮੋਟਾਈ ਵਾਲੀ ਉਪਰਲੀ ਭੋਂ-ਪਰਤ ਬਹੁਤ ਸਾਰੀਆਂ ਜਰਾਇਤੀ ਫ਼ਸਲਾਂ ਦੀ ਉਪਜ ਲਈ ਮੁੱਖ ਫੀਡਿੰਗ ਜੋਨ ਹੁੰਦੀ ਹੈ। ਜਲ ਅਤੇ ਹਵਾ ਦੁਆਰਾ ਉੱਪਰਲੀ ਪਰਤ ਦੇ ਨੁਕਸਾਨ ਦੇ ਫ਼ਲਸਰੂਪ ਭੂਮੀ ਦੇ ਮਿਆਰ ਵਿੱਚ ਗਿਰਾਵਟ ਆਉਂਦੀ ਹੈ। ਜਿਸ ਨੂੰ ਜੇਕਰ ਰਹਿਣ ਦਿੱਤਾ ਜਾਵੇ ਤਾਂ ਅੰਤਮ ਸਿੱਟਾ ਇਸਦੇ ਮੁਕੰਮਲ ਤੌਰ ਤੇ ਕਾਸ਼ਤ ਯੋਗ ਨਾ ਰਹਿਣਾ ਹੁੰਦਾ ਹੈ।

ਇਸ ਤਰ੍ਹਾਂ ਦੇ ਰੁਝਾਨ ਵਿੱਚ ਮੌਜੂਦਾ ਉਤਪਾਦਨ ਨੂੰ ਬਰਕਰਾਰ ਰੱਖਣਾ ਮੁਸ਼ਕਲ ਹੋ ਗਿਆ ਹੈ। ਇਸ ਤੋਂ ਇਲਾਵਾ ਬਰਸਾਤਾਂ ਸਮੇਂ ਹੜਾਂ ਕਾਰਨ ਕੰਢੀ ਦੇ ਇਲਾਕੇ ਵਿੱਚ ਬਹੁਤ ਸਾਰੀ ਮਿੱਟੀ ਰੁੜ ਜਾਂਦੀ ਹੈ ਜਾਂ ਕਈ ਇਲਾਕਿਆਂ ਵਿੱਚ ਹੜਾਂ ਕਾਰਣ ਉਪਜਾਊ ਧਰਤੀ ਉਪਰ ਰੇਤ ਭਰ ਜਾਂਦੀ ਹੈ। ਜਿਸ ਨਾਲ ਕਾਫੀ ਉਪਜਾਊ ਜ਼ਮੀਨ ਖਰਾਬ ਹੋ ਜਾਂਦੀ ਹੈ ਅਤੇ ਕਾਫੀ ਜੰਗਲ ਹੜਾਂ ਦੀ ਪੂਰੀ ਰੋਕਥਾਮ ਨਾ ਹੋਣ ਕਾਰਣ ਖਤਮ ਹੋ ਜਾਂਦੇ ਹਨ। ਇਸ ਦੇ ਨਾਲ ਜਲ ਸਰੋਤਾਂ ਵਿੱਚ ਕਮੀ ਅਤੇ ਖਾਸ ਕਰਕੇ ਜ਼ਮੀਨ ਥੱਲੇ ਪਾਣੀ ਦੇ ਬੇਰੋਕ ਸੋਸ਼ਣ ਨਾਲ ਭੂਮੀ ਸਤਾ ਥੱਲੇ ਪਾਣੀ ਘਟਦਾ ਜਾ ਰਿਹਾ ਹੈ ਅਤੇ ਹਾਲਾਤ ਗੰਭੀਰ ਹੋ ਰਹੇ ਹਨ। ਸੋ ਇਸ ਸਮੇਂ ਭੂਮੀ ਅਤੇ ਪਾਣੀ ਵਰਗੇ ਅਨਮੋਲ ਸਾਧਨਾ ਨੂੰ ਸੰਭਾਲਣਾ ਅਤਿ ਜ਼ਰੂਰੀ ਹੈ। ਫਸਲ ਉਤਪਾਦਨ ਸਮੇਤ ਸਮੁੱਚਾ ਵਿਕਾਸ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਅਸੀਂ ਇਹਨਾਂ ਕੁਦਰਤੀ ਸੋਮਿਆਂ ਦੀ ਕਿੰਨੇ ਕੁ ਚੰਗੇ ਢੰਗਾਂ ਨਾਲ ਸੰਭਾਲ ਅਤੇ ਵਰਤੋਂ ਕਰਦੇ ਹਾਂ। ਇਸ ਮੁੱਖ ਉਦੇਸ਼ ਨੂੰ ਪੂਰਾ ਕਰਨ ਹਿੱਤ ਭੂਮੀ ਅਤੇ ਜਲ ਸੰਭਾਲ ਵਿਭਾਗ ਪੰਜਾਬ ਭੂਮੀ ਅਤੇ ਜਲ ਸਾਧਨਾਂ ਦੀ ਵਿਚਾਰਸ਼ੀਲ ਵਰਤੋਂ ਅਤੇ ਸੰਭਾਲ ਕਾਰਣ ਹੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਭੂਮੀ ਅਤੇ ਪਾਣੀ ਪ੍ਰਬੰਧ ਲਈ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਮੁਸ਼ਕਿਲਾਂ ਅਨੁਸਾਰ ਵੱਖ-ਵੱਖ ਸਕੀਮਾਂ ਅਧੀਨ ਕੰਮ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਮਾਨਸਾ ਦਾ ਰਕਬਾ ਖੁਸ਼ਕ, ਸੁੱਕਾ ਅਤੇ ਰੇਤਲਾ ਹੈ। ਧਰਤੀ ਹੇਠਲਾ ਪਾਣੀ ਖਾਰਾ ਹੈ ਇਹ ਸਿਹਤ ਅਤੇ ਫਸਲਾਂ ਲਈ ਚੰਗਾ ਨਹੀਂ ਹੈ। ਇੱਥੋਂ ਦੀ ਧਰਤੀ ਦੇ ਕੁਝ ਹਿੱਸਿਆਂ ਵਿੱਚ ਰੇਤਲੇ ਟਿੱਬੇ, ਸੇਮ ਅਤੇ ਕੱਲਰ ਦੀ ਸਮੱਸਿਆ ਵੀ ਹੈ। ਕਾਫੀ ਭੂਮੀ ਬੰਜਰ ਹੋ ਚੁੱਕੀ ਹੈ। ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਭੂਮੀ ਅਤੇ ਜਲ ਸੰਭਾਲ ਦੇ ਕੰਮ ਕਰਵਾਏ ਜਾਂਦੇ ਹਨ। ਮੁੱਖ ਤੌਰ ਤੇ ਵਾਟਰ ਮੈਨੇਜਮੈਂਟ ਅਤੇ ਲੈਂਡ-ਡਿਵੈਲਪਮੈਂਟ ਦੇ ਕੰਮ ਕੀਤੇ ਜਾਂਦੇ ਹਨ। ਵਾਟਰ ਮੈਨੇਜਮੇਂਟ ਅਧੀਨ ਪਾਣੀ ਦਾ ਸੁਚੱਜਾ ਪ੍ਰਬੰਧ ਕੀਤਾ ਜਾਂਦਾ ਹੈ। ਨਹਿਰਾਂ ਅਤੇ ਰਜਵਾਹਿਆਂ ਆਦਿ ਦੇ ਨੇੜੇ ਜਿੱਥੇ ਵੀ

ਸਿੰਚਾਈ ਲਈ ਪਾਣੀ ਚੰਗਾ ਹੋਵੇ ਦੀ ਸੁਚੱਜੀ ਵਰਤੋਂ ਲਈ ਜ਼ਮੀਨ ਦੋਜ਼ ਨਾਲੀਆਂ ਵਿਛਾਕੇ ਅਤੇ ਮਾਈਕਰੋ ਸਪਲਿਕਰ/ਡਰਿੱਪ ਸਿਸਟਮ ਨਾਲ ਪ੍ਰਬੰਧ ਕੀਤਾ ਜਾਂਦਾ ਹੈ।

ਜ਼ਮੀਨ ਦੋਜ਼ ਨਾਲੀਆਂ ਦਾ ਕੰਮ ਜਿਮੀਦਾਰਾਂ ਵਲੋਂ ਆਪਣੇ ਪੱਧਰ ਤੇ ਵਿਭਾਗ ਦੀ ਤਕਨੀਕੀ ਅਗਵਾਈ ਰਾਹੀਂ ਕੀਤਾ ਜਾਂਦਾ ਹੈ। ਜਿਸ ਲਈ ਵਿੱਤੀ ਪ੍ਰਬੰਧ ਵਿਭਾਗ ਵੱਲੋਂ ਨਬਾਰਡ ਤੋਂ ਮੰਨਜ਼ੂਰੀ ਲਈ ਸਪੋਂਸਰ ਕੀਤਾ ਜਾਂਦਾ ਹੈ। ਇਹ ਪੈਸਾ ਜਿਮੀਦਾਰ ਬੈਂਕਾਂ ਤੋਂ ਪ੍ਰਾਪਤ ਕਰਕੇ ਕੈਸ਼ ਕਰਵਾਉਂਦੇ ਹਨ। ਮਾਇਕਰੋ ਸਪਰਿੰਕਲਰ/ਡਰਿੱਪ ਸਿੰਚਾਈ ਸਿਸਟਮ ਤੇ ਜਨਰਲ ਅਤੇ ਅਨੁਸੂਚਿਤ, ਔਰਤਾਂ ਜਿਮੀਂਦਾਰਾਂ ਨੂੰ ਕੁੱਲ ਖਰਚੇ ਤੇ ਕ੍ਰਮਵਾਰ 35% ਅਤੇ 50% ਸਬਸਿਡੀ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ 90:10 ਵਿੱਚ ਦਿੱਤੀ ਜਾਣੀ ਹੈ ਅਤੇ ਬਾਕੀ ਵਿਤੀ ਪ੍ਰਬੰਧ ਬੈਂਕ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਲੈਂਡ-ਡਿਵੈਲਪਮੈਂਟ ਸਕੀਮ ਅਧੀਨ ਉੱਚੀਆਂ ਨੀਵੀਆਂ ਜ਼ਮੀਨਾਂ ਨੂੰ ਪੱਧਰ ਕੀਤਾ ਜਾਂਦਾ ਹੈ। ਇਹਨਾਂ ਕੰਮਾਂ ਲਈ ਵਿੱਤੀ ਪ੍ਰਬੰਧ ਵੀ ਨਬਾਰਡ ਤੋਂ ਕੀਤਾ ਜਾਂਦਾ ਹੈ। ਹੜ੍ਹਾਂ ਦੌਰਾਨ ਖੇਤੀਯੋਗ ਜ਼ਮੀਨ ਵਿੱਚ ਰੇਤ ਭਰ ਜਾਣ ਤੇ ਉਸ ਨੂੰ ਦੁਬਾਰਾ ਠੀਕ ਕਰਨ ਦਾ ਕੰਮ ਵੀ ਵਿਭਾਗ ਪਾਸ ਹੈ। ਸੇਮ ਨਾਲ ਬੇਕਾਰ ਹੋਈ ਜ਼ਮੀਨ ਨੂੰ ਖੇਤੀਯੋਗ ਬਣਾਇਆ ਜਾਂਦਾ ਹੈ। ਇਸ ਕੰਮ ਲਈ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਅਧੀਨ ਡਿਪਾਰਟਮੈਂਟ ਆਫ਼ ਲੈਂਡ ਰਿਸੋਰਸਜ ਵੱਲੋਂ ਜ਼ਿਲ੍ਹਾ ਮਾਨਸਾ ਦੇ ਬਲਾਕ ਸਰਦੂਲਗੜ੍ਹ ਲਈ ਇਨਟੈਗਰੇਟਿਡ ਵੇਸਟ ਲੈਂਡ ਡਿਵੈਲਪਮੈਂਟ ਪ੍ਰੋਗਰਾਮ ਅਧੀਨ 1.50 ਕਰੋੜ ਦੀ ਸਕੀਮ ਮੰਨਜ਼ੂਰ ਕੀਤੀ ਗਈ ਹੈ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜੀ ਦੀ ਅਗਵਾਈ ਹੇਠ ਭੂਮੀ ਰੱਖਿਆ ਅਤੇ ਜਲ ਸੰਭਾਲ ਅਤੇ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਇਹ ਸਕੀਮ 5 ਸਾਲਾਂ ਵਿੱਚ ਮੁਕੰਮਲ ਕੀਤੀ ਜਾਵੇਗੀ। ਸਾਲ 2004-05 ਦੌਰਾਨ ਪਿੰਡ ਜਟਾਨਾਂ ਕਲਾਂ, ਜਟਾਨਾ ਖੁਰਦ ਅਤੇ ਕੋਟੜਾ ਵਿੱਚ ਕੰਮ ਸ਼ੁਰੂ ਕਰ ਦਿੱਤੇ ਗਏ ਹਨ।

ਇਹਨਾਂ ਪਿੰਡਾਂ ਵਿੱਚ ਇਸ ਪ੍ਰੋਜੈਕਟ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਅਤੇ ਲਾਹੇਵੰਦ ਨਤੀਜਾ ਪ੍ਰਾਪਤ ਕਰਨ ਲਈ ਏਰੀਏ ਨੂੰ ਵਾਟਰ ਸ਼ੈਡਜ਼ ਵਿੱਚ ਵੰਡਿਆ ਗਿਆ ਹੈ। ਵਾਟਰ ਸ਼ੈਡਜ਼ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ। ਇਹ ਕਮੇਟੀਆਂ ਪਿੰਡ ਪੱਧਰ ਤੇ ਬਣਾਈਆਂ ਗਈਆਂ ਹਨ। ਜਿਸ ਸਦਕਾ ਵਾਟਰ ਸ਼ੈਡ ਵਿੱਚ ਕੰਮ ਕਰ ਰਹੇ ਹਰ ਵਰਗ ਦੇ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਮੁੱਖ ਰੱਖਕੇ ਉਹਨਾਂ ਦੇ ਸਹਿਯੋਗ ਨਾਲ ਉਹਨਾਂ ਵੱਲੋਂ ਕੰਮ ਕੀਤੇ ਜਾਣਗੇ। ਸਾਂਝੀ ਜ਼ਮੀਨ ਅਤੇ ਨਿੱਜੀ ਜ਼ਮੀਨਾਂ ਤੇ ਕੀਤੇ ਕੰਮਾਂ ਚ ਲੋਕਾਂ ਦੀ ਵਿੱਤੀ ਹਿੱਸੇਦਾਰੀ ਪ੍ਰੋਜੈਕਟ ਤੇ ਆਂਉਣ ਵਾਲੀ ਕੁੱਲ ਲਾਗਤ ਦਾ 5% ਅਤੇ 10% ਰੱਖੀ ਗਈ ਹੈ। ਜਿਸ ਦਾ ਲੇਖਾ ਜੋਖਾ ਕਮੇਟੀ ਪਾਸ ਹੋਵੇਗਾ। ਇਸ ਫੰਡ ਨਾਲ ਪੋਜੈਕਟ ਮੁਕੰਮਲ ਹੋਣ ਉਪਰੰਤ ਵਾਟਰਸ਼ੈਡ ਵਿੱਚ ਕੀਤੇ ਗਏ ਵੱਖ-ਵੱਖ ਕੰਮਾਂ ਲਈ ਸਾਂਭ ਸੰਭਾਲ ਅਤੇ ਪਿੰਡ ਦੇ ਲਾਹੇਵੰਦ ਵਿਅਕਤੀਆਂ ਨੂੰ ਸਵੈਰੋਜ਼ਗਾਰ ਸਕੀਮ ਅਧੀਨ ਵੱਖ-ਵੱਖ ਧੰਦੇ ਸ਼ੁਰੂ ਕਰਨ ਲਈ ਕਰਜ਼ੇ ਦੇ ਰੂਪ ਵਿੱਚ ਸਹਾਇਤਾ ਦਿੱਤੀ ਜਾਵੇਗੀ। ਇਸ ਵਿਭਾਗ ਦਾ ਮਾਨਸਾ ਵਿਖੇ ਮੰਡਲ ਦਫ਼ਤਰ ਹੈ ਅਤੇ ਇਸ ਮੰਡਲ ਅਧੀਨ ਤਿੰਨ ਉਪ ਮੰਡਲ ਝੁਨੀਰ, ਬੁਢਲਾਡਾ ਅਤੇ ਮਾਨਸਾ ਕੰਮ ਕਰ ਰਹੇ ਹਨ। ਭੂਮੀ ਰੱਖਿਆ ਦੇ ਕੰਮਾਂ ਲਈ ਕਿਸੇ ਵੀ ਸਮੇਂ ਜ਼ਿਲ੍ਹਾ ਪੱਧਰ ਦੇ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਕਮਰਾ ਨੰ: 74-75 ਤੀਜੀ ਮੰਜ਼ਿਲ ਤੇ ਸੰਪਰਕ ਕੀਤਾ ਜਾ ਸਕਦਾ ਹੈ।